Dhiman bp 18:57

to Bhagwant, Ha...

From Dhiman bp • dhimanbp1977@gmail.com

To Bhagwant Mann CM Punjab • cmo@punjab.gov.in

Cc Harjot Singh Bains • harjotsinghbains@gmail.com

Bcc cs@punjab.gov.in

Date Apr 16, 2024, 18:57

View security details

ਸੇਵਾ ਵਿਖੇ,

ਮਾਨਯੋਗ ਮੁੱਖ ਮੰਤਰੀ, ਪੰਜਾਬ,

ਚੰਡੀਗੜ੍ਹ।

ਵਿਸ਼ਾ : ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰਜ਼ (ਗਰੁੱਪ ਸੀ) ਦੀਆਂ ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ ਭਰਨ ਸਬੰਧੀ।

ਸ੍ਰੀਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ 25 ਸਾਲਾਂ ਵਿੱਚ ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਦੀਆਂ ਆਸਾਮੀਆਂ ਵਿਰੁੱਧ ਕੋਈ ਭਰਤੀ ਨਾਂ ਹੋਣ ਕਾਰਨ ਬਹੁਗਿਣਤੀ ਵਿੱਚ ਇਹ ਅਸਾਮੀਆਂ ਖਾਲੀ ਹਨ, ਜਿਸ ਕਾਰਨ ਸਰਕਾਰੀ ਕਾਲਜਾਂ ਤੇ ਜ਼ਿਲ੍ਹਾ/ਪਬਲਿਕ ਲਾਇਬਰੇਰੀਆਂ ਵਿੱਚ ਲਾਇਬ੍ਰੇਰੀ ਸੇਵਾਂਵਾਂ ਬਰੀ ਤਰਾਂ ਪ੍ਰਭਾਵਿਤ ਹੋ ਰਹੀਆਂ ਹਨ। ਐਸੋਸੀਏਸ਼ਨ

Scanned with OKEN Scanner

ਉਪਰੋਕਤ ਸਬੰਧੀ ਹੇਠ ਲਿਖੇ ਤੱਥ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹੈ :

1. ਇਸ ਸਮੇਂ ਪੰਜਾਬ ਵਿੱਚ ਕੁੱਲ 64 ਸਰਕਾਰੀ ਕਾਲਜ ਹਨ, ਜਿਨ੍ਹਾਂ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਦੀਆਂ ਪ੍ਰਵਾਨਤ ਅਸਾਮੀਆਂ ਦੀ ਕੁੱਲ ਗਿਣਤੀ 66 ਹੈ। ਇਨ੍ਹਾਂ ਅਸਾਮੀਆਂ ਵਿੱਚ ਪੰਜਾਬ ਕੈਬਨਿਟ ਵੱਲੋਂ 19 ਜੂਨ, 2023 ਨੂੰ 16 ਨਵੇਂ ਸਰਕਾਰੀ ਕਾਲਜਾਂ ਲਈ ਪ੍ਰਵਾਨਤ ਕੀਤੀਆਂ ਲਾਇਬ੍ਰੇਰੀ ਰਿਸਟੋਰਰਜ਼ ਦੀਆਂ 16 ਨਵੀਂਆਂ ਅਸਾਮੀਆਂ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ 14 ਸਰਕਾਰੀ ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਦੀਆਂ ਪ੍ਰਵਾਨਤ ਅਸਾਮੀਆਂ ਦੀ ਗਿਣਤੀ 22 ਹੈ। ਇਸ ਤਰ੍ਹਾਂ ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਦੀਆਂ ਪ੍ਰਵਾਨਤ ਅਸਾਮੀਆਂ ਦੀ ਕੁੱਲ ਗਿਣਤੀ 88 ਹੈ।

2. ਇਸ ਸਮੇਂ 64 ਸਰਕਾਰੀ ਕਾਲਜਾਂ ਵਿੱਚੋਂ ਕੇਵਲ 10 ਕਾਲਜਾਂ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਮੌਜੂਦ ਹਨ ਅਤੇ ਕੁੱਲ 66 ਪ੍ਰਵਾਨਤ ਅਸਾਮੀਆਂ ਵਿੱਚੋਂ 56 ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ 14 ਸਰਕਾਰੀ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਵਿੱਚ ਕੇਵਲ 3 ਲਾਇਬ੍ਰੇਰੀਆਂ ਵਿੱਚ ਲਾਇਬ੍ਰੇਰੀ ਰਿਸਟੋਰਰ ਮੌਜੂਦ ਹਨ ਅਤੇ ਕੁੱਲ 22 ਪ੍ਰਵਾਨਤ ਅਸਾਮੀਆਂ ਵਿੱਚੋਂ 19 ਅਸਾਮੀਆਂ ਖਾਲੀ ਹਨ।

3. ਇਸ ਤਰ੍ਹਾਂ ਇਸ ਸਮੇਂ ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰਜ਼ ਦੀਆਂ ਪ੍ਰਵਾਨਤ ਕੁੱਲ 88 ਅਸਾਮੀਆਂ ਵਿੱਚੋਂ 75 ਅਸਾਮੀਆਂ ਖਾਲੀ ਹਨ ਅਤੇ ਕੇਵਲ 13 ਲਾਇਬ੍ਰੇਰੀ ਰਿਸਟੋਰਰਜ਼ ਹੀ ਸੇਵਾ ਵਿੱਚ ਹਨ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਐਸੋਸੀਏਸ਼ਨ ਆਪ ਜੀ ਦੀ ਸੇਵਾ ਵਿੱਚ ਪੁਰਜ਼ੋਰ ਬੇਨਤੀ ਕਰਦੀ ਹੈ ਕਿ ਸਰਕਾਰੀ ਕਾਲਜਾਂ ਤੇ ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਦੀਆਂ ਸੇਵਾਵਾਂ ਵਿੱਚ ਲੋੜੀਂਦਾ ਸੁਧਾਰ ਲਿਆਉਣ ਲਈ ਲਾਇਬ੍ਰੇਰੀ ਰਿਸਟੋਰਰਜ਼ ਦੀਆਂ 75 ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ ਭਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਬਰਜਿੰਦਰ ਪਾਲ ਧੀਮਾਨ,
ਪ੍ਰਧਾਨ, ਪੰਜਾਬ ਕਾਲਜ ਲਾਇਬ੍ਰੇਰੀਅਨਜ਼ ਐਸੋਸੀਏਸ਼ਨ,
ਈ- ਮੇਲ: dhimanbp1977@gmail.com

Scanned with OKEN Scanner